ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ

# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS


# ਬਰੈਂਪਟਨ ਕੈਸ਼ ਐਂਡ ਕੈਰੀ ਵਿਨੀਪੈਗ ਦੀ ਅੱਜ ਗ੍ਰੈਂਡ ਉਪਨਿੰਗ










ਬਰੈਂਪਟਨ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ) ਬਰੈਂਪਟਨ ਕੈਸ਼ ਐਂਡ ਕੈਰੀ ਵਿਨੀਪੈਗ ਦੀ ਅੱਜ ਗ੍ਰੈਂਡ ਉਪਨਿੰਗ ਕੀਤੀ ਗਈ। ਇਸ ਬ੍ਰਾਂਚ ਖੁੱਲਣ ਤੇ
ਵਿਧਾਇਕ ਦਲਜੀਤ ਸਿੰਘ ਬਰਾੜ ਨੇ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਵੀਰ ਸਿੰਘ ਕਥੂਰੀਆ ਨੂੰ ਵਧਾਈ ਦਿੱਤੀ ਤੇ ਨਾਲ ਹੀ ਉਹਨਾਂ ਨੇ ਇੱਕ ਅਹਿਮ ਖੁਲਾਸਾ ਕਰਦਿਆਂ ਆਖਿਆ ਕਿ ਜਿਸ ਜਗਹਾਂ ਤੇ 1315 ਇਕਸਟਰ ਬੁਲੇਵਾਡ ਦੇ ਵਿੱਚ ਬਰੈਂਪਟਨ ਕੈਸ਼ ਐਂਡ ਕੈਰੀ ਖੋਲਿਆ ਗਿਆ ਹੈ, ਮੈਨੂੰ ਡਾਕਟਰ ਦਲਬੀਰ ਸਿੰਘ ਕਥੂਰੀਆ ਨੇ ਇਹ ਜਗਹਾਂ ਆਪਣੇ ਚੋਣ ਦਫਤਰ ਦੀ ਪ੍ਰਚਾਰ ਮੁਹਿੰਮ ਲਈ ਦਿੱਤੀ ਸੀ ਅਤੇ ਇਹ ਅਸਥਾਨ ਮੇਰੇ ਲਈ ਬਹੁਤ ਭਾਗਾਂ ਵਾਲਾ ਤੇ ਪੂਜਣਯੋਗ ਹੈ। ਇਸ ਜਗ ?ਹਾ ਤੇ ਹੁਣ ਜਦੋਂ ਬਰੈਂਪਟਨ ਕੈਸ਼ ਐਂਡ ਕੈਰੀ ਵਿਨੀਪੈਗ ਖੋਲਿਆ ਗਿਆ ਹੈ ਇਹ ਬਰੈਂਪਟਨ ਵਾਸੀਆਂ ਦੇ ਲਈ ਬਹੁਤ ਚੰਗਾ ਸੁਨੇਹਾ ਹੈ। ਇਸ ਤਰ੍ਹਾਂ ਦੇ ਉਪਰਾਲੇ ਡਾਕਟਰ ਦਲਵੀਰ ਸਿੰਘ ਕਥੂਰੀਆ ਵੱਲੋਂ ਕੀਤੇ ਜਾ ਰਹੇ ਨੇ ਉਹ ਕਮਿਊਨਿਟੀ ਨੂੰ ਜੋੜਨ ਦਾ ਇੱਕ ਯਤਨ ਹੈ।

ਇਹ ਯਤਨ ਵੱਖ-ਵੱਖ ਨਿੱਤ ਵਰਤੋਂ ਦੀਆਂ ਚੀਜ਼ਾਂ ਇੱਕੋ ਪਲੇਟਫਾਰਮ ਤੇ ਦੇਣ ਦਾ ਯਤਨ ਤੇ ਨਾਲ ਹੀ ਸਾਨੂੰ ਪੰਜਾਬੀਆਂ ਨੂੰ ਜੋੜਨ ਦੇ ਵਿੱਚ ਅਹਿਮ ਰੋਲ ਅਦਾ ਕਰਦਾ ਹੈ। ਮੈਂ ਡਾਕਟਰ ਦਲਵੀਰ ਸਿੰਘ ਕਥੂਰੀਆ ਨੂੰ ਵਿਧਾਇਕ ਦੇ ਤੋਰ ਤੇ, ਪੰਜਾਬੀ ਦੇ ਤੋਰ ਤੇ ਅਤੇ ਵਿਨੀਪੈਗ ਦਾ ਨੁਮਾਇੰਦਾ ਹੋਣ ਦੇ ਨਾਤੇ ਬਹੁਤ ਸ਼ੁੱਭਕਾਮਨਾਵਾਂ ਦਿੰਦਾ ਹਾਂ , ' ਤੇ ਆਸ ਕਰਦਾ ਹਾਂ ਕਿ ਇਸ ਤਰਾਂ ਹੀ ਡਾਕਟਰ ਦਲਵੀਰ ਸਿੰਘ ਕਥੂਰੀਆ ਜਿੱਥੇ ਕਮਿਊਨਿਟੀ ਦੀ ਸੇਵਾ ਕਰ ਰਹੇ ਨੇ ਵਿਸ਼ਵ ਪੰਜਾਬੀ ਸਭਾ ਦੇ ਨਾਲ ਪੂਰੇ ਪੰਜਾਬੀਆਂ ਨੂੰ ਦੇਸ਼ ਭਰ ਵਿੱਚ ਵਿਦੇਸ਼ ਭਰ ਵਿੱਚ ਜੋੜ ਰਹੇ ਨੇ, ਉੱਥੇ ਰੁਜ਼ਗਾਰ ਦੇ ਮੌਕੇ ਵੀ ਪੈਦਾ ਕਰ ਰਹੇ ਨੇ। ਇਸ ਮੌਕੇ ਤੇ ਐਮ.ਐਲ.ਏ. ਕੈਵਨ ਲੈਮਬਰੂ ਨੇ ਵੀ ਬਰੈਮਟਨ ਕੈਸ਼ ਐਂਡ ਕੈਰੀ ਦੀ ਵਿਨੀਪੈਗ ਬਰਾਂਚ ਖੁੱਲਣ ਤੇ ਡਾਕਟਰ ਦਲਵੀਰ ਸਿੰਘ ਕਥੂਰੀਆ ਨੂੰ ਵਧਾਈ ਦਿੱਤੀ ।

ਇਸ ਮੌਕੇ ਤੇ ਐਮਐਲਏ ਸੁਖਜਿੰਦਰ ਪਾਲ ਸਿੰਘ ਮਿੰਟੂ ਸੰਧੂ, ਐਮਐਲਏ ਦਲਜੀਤ ਸਿੰਘ ਬਰਾੜ, ਸੂਫੀਆਨਾ ਗਾਇਕ ਹੁਸਨੈਨ ਅਕਬਰ, ਨਰੇਸ਼ ਸ਼ਰਮਾ ਬਿਜ਼ਨਸ ਬਰੋਕਰ, ਕੈਨੇਡੀਅਨ ਪੱਥਵੇ ਇਮੀਗ੍ਰੇਸ਼ਨ ਸਰਵਿਸ ਤੋਂ ਸੂਰਜ ਜਸਰਾ, ਵੋਆਇਸ ਆਫ ਇੰਡੀਆ ਦੇ ਡਾਇਰੈਕਟਰ ਐਮਪੀ ਸਿੰਘ, ਡੈਕੋਰ 360 ਦੇ ਫਾਊਂਡਰ ਨੀਕੀਤਾ ਅਰੋੜਾ, ਰੂਪ ਕਾਹਲੋਂ ਪ੍ਰਧਾਨ ਇਸਤਰੀ ਵਿੰਗ ਵਿਸ਼ਵ ਪੰਜਾਬੀ ਸਭਾ ਕੈਨੇਡਾ, ਤੇਜ਼ੀ ਸੰਧੂ ਪ੍ਰਸਿੱਧ ਪੰਜਾਬੀ ਗਾਇਕ ਅਤੇ ਪੱਤਰਕਾਰ ਭਾਈਚਾਰੇ ਵਿੱਚ ਨਵ ਸਵੇਰ ਤੋਂ ਨਵਨੀਤ ਕੌਰ, ਪ੍ਰਾਈਮ ਏਸ਼ੀਆ ਤੋਂ ਅੰਮ੍ਰਿਤ ਕੰਗ, ਪੰਜਾਬ ਟੂਡੇ ਤੋਂ ਨਰੇਸ਼ ਸ਼ਰਮਾ, ਦੇਸ਼ ਪ੍ਰਦੇਸ਼ ਟਾਈਮਜ਼, ਪੰਜਾਬੀ ਟ੍ਰਿਬਿਊਨ, ਟੈਲੀਗਰਾਮ, ਰੇਡੀਓ ਆਪਣਾ, ਰੇਡੀਓ ਆਵਾਜ਼, ਇੰਡੀਆ ਟੂਡੇ ਦੇ, ਨੁਮਾਇੰਦੇ ਦੀ ਹਾਜ਼ਰ ਹੋਏ।


HOMELIFE HIGHER STANDARDS
Homelife Silvercity Realty Inc., Brokerage
KANWAR BRAR
Broker
Direct: 416-737-4971
Office: 905.913.8500
Email: kanwarjitbrar@hotmail.com
11775 Bramalea Rd # 201, Brampton, Ontario L6R 3Z4
"Success Is Never Final"

AXLE Car Rental
Enjoy The Ride!
905.917.0818
We Provide:
- Insurance Replacement Rental
- We Deal With All Insurance Companies
- All New Models of Cars, Suv's & Mini Vans
- Free Local Shuttle Service

axlecarrental@gmail.com
www.AxleCarRental.com
1365 Mid-Way Blvd. Unit 10, Mississauga, ON L5T 2J5


BRAMPTON CASH & CARRY
IMPORTER & WHOLESALER & RETAILER
Grand OPENING
YOU ARE INVITED !
18,19,20
OCTOBER, 2024
OPEN EVERYDAY FROM
9:00 AM TO 9:00 PM
Celebrate our grand opening with us and enjoy exclusive perks and prizes only available on opening day!
1315 INKSTER BLVD,
WINNIPEG MB

AMYRA ACADEMY
Hair & Esthetics
Our Courses
1 HAIR STYLING DIPLOMA
2 MEDICAL ESTHETICS DIPLOMA
905-399-6110 , 647-713-3133
amyraacademy@outlook.com
www.amyraacademy.com
114 Kennedy Road Unit 2 Brampton Ontario, L6W 3E7
amyraacademy
amyraacademy

TEAM GET SOLD
INDER ARORA
(BROKER)
(416) 525.7400
RAMAN KATHURIA
(BROKER)
(416) 709.6100


BRAMPTON CASH & CARRY
1315
GRAND OPENING
18th, 19th, 20th October
SPECIAL OFFER
PASAND
DURUM
ATTA
SHER
$13.99
$9.99
$14.99
$13.99
Purchase Over $200
Get Tea Kettle Free
Contact Us
+204-560-7111
1315 Inkster Blvd, Winiipeg MB


Weight
10 Pond
Price
$5.99
BRAMPTON
CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800




# ਭਾਰਤੀ ਫੌਜ ਕਿਸੇ ਵੀ ਸਥਿਤੀ ਦੇ ਟਾਕਰੇ ਲਈ ਤਿਆਰ ਰਹੇ: ਰਾਜਨਾਥ ਸਿੰਘ

ਨਵੀਂ ਦਿੱਲੀ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤੀ ਫੌਜ ਨੂੰ ਕਿਸੇ ਵੀ ਸਥਿਤੀ ਦੇ ਟਾਕਰੇ ਲਈ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਭਾਰਤੀ ਫੌਜ ਨੂੰ ਰਣਨੀਤਕ ਲਾਭ ਲੈਣ ਲਈ ਗੰਭੀਰਤਾ ਨਾਲ ਸੋਚਣ ਦਾ ਸੱਦਾ ਦਿੰਦਿਆਂ ਕਿਹਾ ਕਿ ਮੌਜੂਦਾ ਦੌਰ ਵਿਚ ਵਿਰੋਧੀਆਂ ਦੀਆਂ ਨਵੀਨਤਮ ਤਕਨਾਲੋਜੀਆਂ ਦੀਆਂ ਸੰਭਾਵਨਾਵਾਂ ਨਾਲ ਨਜਿੱਠਣ ਲਈ ਤਿਆਰ ਰਹਿਣ ਦੀ ਜ਼ਰੂਰਤ ਹੈ। ਰੱਖਿਆ ਮੰਤਰੀ ਨੇ ਕਿਹਾ, 'ਸਾਡੇ ਅਧਿਕਾਰੀਆਂ ਨੂੰ ਇਨ੍ਹਾਂ ਤਕਨਾਲੋਜੀਆਂ ਨੂੰ ਸਮਝਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਵਰਤਣ ਦੇ ਯੋਗ ਹੋਣਾ ਚਾਹੀਦਾ ਹੈ।' ਉਨ੍ਹਾਂ ਨੈਸ਼ਨਲ ਡਿਫੈਂਸ ਕਾਲਜ (ਐਨਡੀਸੀ) ਦੇ ਡਿਗਰੀ ਵੰਡ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਕਿਹਾ ਕਿ ਮੌਜੂਦਾ ਦੌਰ ਵਿਚ ਡਰੋਨ, ਸਵੈ ਚਾਲਿਤ ਮਸ਼ੀਨਾਂ ਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਆਦਿ ਨਾਲ ਸਬੰਧਤ ਕਈ ਸਮੱਸਿਆਵਾਂ ਦਰਪੇਸ਼ ਹਨ।



ਉਨ੍ਹਾਂ ਕਿਹਾ ਕਿ ਫੌਜੀ ਅਧਿਕਾਰੀ ਭੂ-ਰਾਜਨੀਤੀ, ਕੌਮਾਂਤਰੀ ਸਬੰਧਾਂ ਅਤੇ ਗਲੋਬਲ ਸੁਰੱਖਿਆ ਗਠਜੋੜਾਂ ਦੀਆਂ ਸਮੱਸਿਆਵਾਂ ਦੀ ਡੂੰਘਾਈ ਨਾਲ ਸਮਝ ਰੱਖਣ ਕਿਉਂਕਿ ਉਨ੍ਹਾਂ ਵੱਲੋਂ ਲਏ ਗਏ ਫੈਸਲਿਆਂ ਦੇ ਦੂਰਗਾਮੀ ਨਤੀਜੇ ਨਿਕਲ ਸਕਦੇ ਹਨ।

# ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੁੜ ਸੇਵਾ ਸੰਭਾਲੀ



ਅੰਮ੍ਰਿਤਸਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦਾ ਅਸਤੀਫ਼ਾ ਨਾਮਨਜ਼ੂਰ ਕੀਤੇ ਜਾਣ ਤੋਂ ਇਕ ਦਿਨ ਮਗਰੋਂ ਮੁੜ ਸੇਵਾ ਸੰਭਾਲ ਲਈ ਹੈ। ਉਨ੍ਹਾਂ ਕਿਹਾ ਕਿ ਉਹ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨਾਲ ਹੋਏ ਵਿਵਾਦ ਸਬੰਧੀ ਮਾਮਲੇ ਵਿੱਚ ਸਰਕਾਰ ਕੋਲ ਕੋਈ ਸ਼ਿਕਾਇਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਪੰਥ ਵੱਲੋਂ ਕੀਤੇ ਗਏ ਆਦੇਸ਼ ਤੋਂ ਬਾਅਦ ਉਨ੍ਹਾਂ ਆਪਣੀਆਂ ਸੇਵਾਵਾਂ ਮੁੜ ਸ਼ੁਰੂ ਕਰ ਦਿੱਤੀਆਂ ਹਨ। ਉਹ ਅੱਜ ਇਥੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰਨ ਲਈ ਪੁੱਜੇ ਸਨ। ਚੇਤੇ ਰਹੇ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਲੰਘੇ ਦਿਨੀਂ ਕਿਹਾ ਸੀ ਕਿ ਜੇ ਸਰਕਾਰ ਨੂੰ ਇਸ ਸਬੰਧੀ ਕੋਈ ਸ਼ਿਕਾਇਤ ਮਿਲਦੀ ਹੈ ਜਾਂ ਕੋਈ ਰਿਕਾਰਡਿੰਗ ਮਿਲਦੀ ਹੈ ਤਾਂ ਸਰਕਾਰ ਇਸ ਮਾਮਲੇ ਵਿੱਚ ਅਕਾਲੀ ਆਗੂ ਖਿਲਾਫ਼ ਸਖ਼ਤ ਕਾਰਵਾਈ ਕਰੇਗੀ। ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨਾਲ ਵਿਵਾਦ ਸਬੰਧੀ ਉਨ੍ਹਾਂ ਕਿਹਾ ਕਿ ਇਹ ਵਿਵਾਦ ਦੋ ਵਿਅਕਤੀਆਂ ਵਿਚਾਲੇ ਵਿਵਾਦ ਨਹੀਂ ਹੈ ਸਗੋਂ ਸਿੱਖ ਸਿਧਾਂਤਾਂ ਤੇ ਪਰੰਪਰਾਵਾਂ ਅਤੇ ਸਿੱਖ ਭਾਵਨਾਵਾਂ ਦੀ ਤਰਜਮਾਨੀ ਦੀ ਪਹਿਰੇਦਾਰੀ ਦਾ ਹੈ, ਜਿਸ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸਿੱਖ ਪੰਥ ਵੱਲੋਂ ਸੌਂਪੀ ਗਈ ਹੈ। ਹਾਲਾਂਕਿ ਜੋ ਕੁਝ ਵਾਪਰਿਆ ਉਹ ਮੰਦਭਾਗਾ ਹੈ।

# ਕਿਉਂ ਉਦਾਸ ਹੈ ਸਾਦਿਕ ? ਪਤਾ ਕਰੋ



ਮੈਂ ਜਦ 1971 ਵਿੱਚ ਲੁਧਿਆਣੇ ਆਇਆ ਤਾਂ ਉਸਤਾਦ ਜਸਵੰਤ ਭੰਵਰਾ ਦੇ ਮੂੰਹੋਂ ਤਬਲਾ ਵਾਦਕ ਰੰਗ ਦੀ ਸਿਫ਼ਤ ਸੁਣੀ। ਉਹ ਉਦੋਂ ਨਰਿੰਦਰ ਬੀਬਾ ਜੀ ਦੀ ਟੀਮ ਵਿੱਚ ਸ਼ਾਮਿਲ ਸੀ। ਇੰਜਨ ਸ਼ੈੱਡ ਲੁਧਿਆਣਾ ਨੇੜੇ ਉਸ ਦੀ ਰਿਹਾਇਸ਼ ਸੀ।

ਉਸਨੇ ਮੁਹੰਮਦ ਸਦੀਕ, ਸੁਰਿੰਦਰ ਸ਼ਿੰਦਾ, ਕੁਲਦੀਪ ਮਾਣਕ ਤੇ ਹੋਰ ਕਈਆਂ ਨਾਲ ਸੰਗੀਤ ਸੰਗਤ ਕੀਤੀ।

ਉਸ ਦੇ ਦੋਵੇਂ ਪੁੱਤਰ ਸਾਦਿਕ ਤੇ ਸਲੀਮ ਵੀ ਸਿਰਕੱਢ ਤਬਲਾ ਵਾਦਕ ਬਣੇ। ਸਾਦਿਕ ਨੇ ਤਾਂ ਉਮਰ ਦਾ ਬਹੁਤਾ ਹਿੱਸਾ ਜਨਾਬ ਹੰਸ ਰਾਜ ਹੰਸ ਨਾਲ ਤਬਲੇ ਤੇ ਸੰਗਤ ਕੀਤੀ।

ਮੈਨੂੰ ਯਾਦ ਹੈ, ਇੱਕ ਵਾਰ ਸਿਰਮੌਰ ਗਾਇਕ ਪਰਵੇਜ਼ ਮਹਿਦੀ ਸਾਹਿਬ ਪੰਜਾਬ ਆਏ ਹੋਏ ਸਨ। ਆਪਣੇ ਪਿੰਡ ਘੁੰਮਣ ਖ਼ੁਰਦ(ਗੁਰਦਾਸਪੁਰ) ਵੀ ਗਏ ਸਨ। ਸ. ਸੇਵਾ ਸਿੰਘ ਸੇਖਵਾਂ ਉਦੋਂ ਕੈਬਨਿਟ ਮੰਤਰੀ ਸਨ ਪੰਜਾਬ ਦੇ। ਬਟਾਲੇ ਤੋਂ ਘੁੰਮਣਾਂ ਤੀਕ ਵਿਸ਼ਾਲ ਲੋਕ ਕਾਫ਼ਲੇ ਵਿੱਚ ਪਰਵੇਜ਼ ਮਹਿਦੀ ਸਾਹਿਬ ਨੂੰ ਉਹ ਲੈ ਕੇ ਗਏ ਸਨ। ਪਰਵੇਜ਼ ਮਹਿਦੀ ਦਾ ਬੇਟਾ ਅਲੀ ਪਰਵੇਜ਼ ਵੀ ਨਾਲ ਸੀ।

ਅਸਾਂ ਕੁਝ ਦੋਸਤਾਂ ਸੁਰਿੰਦਰ ਸ਼ਿੰਦਾ ਤੇ ਡਾ. ਸਤੀਸ਼ ਸ਼ਰਮਾ ਦੀ ਮਦਦ ਨਾਲ ਪਰਵੇਜ਼ ਮਹਿਦੀ ਦੀ ਗ਼ਜ਼ਲ ਸ਼ਾਮ ਪੰਜਾਬ ਯੂਨੀਵਰਸਿਟੀ ਐਕਸਟੈਨਸ਼ਨ ਲਾਇਬਰੇਰੀ ਲੁਧਿਆਣਾ ਵਿੱਚ ਕਰਵਾਈ। ਤਬਲਾ ਵਾਦਕ ਵਜੋਂ ਸਾਦਿਕ ਨੇ ਸੰਗਤ ਕੀਤੀ। ਪਰਵੇਜ਼ ਮਹਿਦੀ ਨੇ ਉਸਨੂੰ ਬਹੁਤ ਸਲਾਹਿਆ।

ਪਿਛਲੇ ਮਹੀਨੇ ਅਮਰੀਕਾ ਤੋਂ ਗਾਇਕ ਸੁਖਦੇਵ ਸਾਹਿਲ ਆਇਆ ਤਾਂ ਮੈਂ ਸਾਦਿਕ ਨੂੰ ਚੇਤੇ ਕੀਤਾ, ਚੰਗੇ ਸਮਰੱਥ ਵਾਦਕ ਵਜੋਂ। ਉਹ ਭਾਵੇਂ ਉਥੇ ਹਾਜ਼ਰ ਨਹੀਂ ਸੀ ਪਰ ਮੇਰੇ ਮਨ ਵਿੱਚ ਤਾਂ ਉਸ ਦਾ ਰਸਵੰਤਾ ਤਬਲਾ ਵਾਦਨ ਹਰ ਪਲ ਗੂੰਜਦਾ ਹੈ ਨਾ।

ਅੱਜ ਉਸ ਦਾ ਫੋਨ ਆਇਆ

ਪਤਾ ਲੱਗਾ ਕਿ ਉਸ ਦੀ ਪਹਿਲਾਂ ਮਾਂ ਮਰੀ। ਇਲਾਜ ਵਿੱਚ ਘਰ ਵਿਕਿਆ। ਫਿਰ ਬਾਪ ਰੰਗ ਚਲਾ ਗਿਆ ਚਾਰ ਕੁ ਮਹੀਨੇ ਪਹਿਲਾਂ। ਨਿੱਕਾ ਵੀਰ ਸਲੀਮ ਵੀ ਤੁਰ ਗਿਆ।

ਪੁਰਾਣੇ ਗਾਇਕ ਜੋ ਉਸ ਦੀ ਕਦਰ ਕਰਦੇ ਸਨ ਮਰ ਖਪ ਗਏ। ਹੰਸ ਰਾਜ ਹੰਸ ਜੀ ਵੀ ਹੁਣ ਕੰਮ ਨਹੀਂ ਕਰਦੇ।

ਨਵੇਂ ਗਵੱਈਏ ਨਵਿਆਂ ਸਾਜੀਆਂ ਦੇ ਸੰਗੀ ਹਨ। ਕਈ ਡਰਦੇ ਮਾਰੇ ਲੈ ਕੇ ਨਹੀਂ ਜਾਂਦੇ ਕਿ ਹੰਸ ਜੀ ਦਾ ਸੰਗੀ ਰਿਹਾ ਹੋਣ ਕਾਰਨ ਵੱਧ ਮਿਹਨਤ ਮੰਗੇਗਾ।

ਸਟੂਡੀਉ ਰੀਕਾਰਡਿੰਗ ਲਾਈਵ ਹੋ ਨਹੀਂ ਰਹੀ। ਉਨ੍ਹਾਂ ਦੇ ਪੁਰਾਣੇ ਕੰਮ ਨੂੰ ਹੀ ਕੰਪਿਉਟਰ ਵਰਤ ਰਹੇ ਨੇ।

ਹੁਣ ਚਿੜੀ ਵਿਚਾਰੀ ਕੀ ਕਰੇ ?

ਹੋਰ ਰੁਜ਼ਗਾਰ ਕਰਨ ਜੋਗੇ ਨਹੀਂ। ਕਲਾ ਦੀ ਕਦਰ ਦਾਨੀ ਨਹੀਂ।

ਰਸੋਈ ਉਦਾਸ ਹੈ।

ਸਾਦਿਕ ਮਦਦ ਨਹੀਂ ਮੰਗਦਾ,

ਕੰਮ ਮੰਗਦਾ ਹੈ ਆਪਣੀ ਲਿਆਕਤ ਦੇ ਹਾਣ ਦਾ। ਰਸੋਈ ਵਿੱਚ ਰੌਣਕ ਲਈ ਕੌਣ ਬਹੁੜੇਗਾ ? ਪਤਾ ਨਹੀਂ।

54 ਸਾਲ ਉਮਰ ਤੀਕ ਸੰਗੀਤ ਸਹਾਰੇ ਦੁਨੀਆ ਦੇ ਲਗਪਗ ਸਾਰੇ ਵੱਡੇ ਮੁਲਕ ਘੁੰਮ ਚੁਕਿਆ ਸਾਦਿਕ ਪਿਆਰ ਤੇ ਰੁਜ਼ਗਾਰ ਉਡੀਕਦਾ ਹੈ।

ਮੈਨੂੰ ਉਸ ਦਾ ਫੋਨ ਅੱਜ ਪਹਿਲੀ ਵਾਰ ਆਇਆ ਹੈ। ਕਦੇ ਪਹਿਲਾਂਮੇਰੀ ਉਸ ਨਾਲ ਜ਼ਬਾਨ ਸਾਂਝੀ ਨਹੀਂ ਹੋਈ, ਪਰ ਅੱਜ ਉਸ ਦੀ ਉਦਾਸ ਬੋਲ ਬਾਣੀ ਮੇਰਾ ਕਾਲਜਾ ਚੀਰ ਗਈ ਹੈ।

ਉਸ ਦਾ ਸੰਪਰਕ ਨੰਬਰ

+91 79-86364055 ਹੈ ਦੋਸਤੋ।

ਗਾਇਕ ਵੀਰ ਉਸ ਦੇ ਟੇਲੈਂਟ ਕੋਂ ਲਾਹਾ ਲੈ ਸਕਦੇ ਨੇ। ਸਭਿਆਚਾਰ ਨਾਲ ਸਬੰਧਿਤ ਸੰਸਥਾਵਾਂ ਤੇ ਕਾਲਿਜ ਸਕੂਲ ਵੀ ਸਿਖਲਾਈ ਲਈ ਉਸ ਨੂੰ ਬੁਲਾ ਸਕਦੇ ਹਨ। ਲੁਧਿਆਣਾ ਦੀ ਸੀ ਆਰ ਪੀ ਕਾਲੋਨੀ ਦੁੱਗਰੀ ਵਿੱਚ ਵੱਸਦਾ ਸਾਦਿਕ ਹੋਰ ਉਦਾਸ ਨਾ ਹੋਵੇ, ਇਹ ਇਕਰਾਰ ਕਰੋ।

ਜਿਸ ਦੇਸ਼ ਦਾ ਕਲਾਕਾਰ ਉਦਾਸ ਹੋ ਜਾਵੇ, ਉਸ ਦੀ ਸਭਿਆਚਾਰਕ ਮੌਤ ਬਹੁਤ ਨਜ਼ਦੀਕ ਹੁੰਦੀ ਹੈ।

ਪੰਜਾਬ ਜਿਉਂਦਾ ਰੱਖਣ ਲਈ ਕਲਾਵੰਤ ਸੱਜਣ ਉਦਾਸ ਨਾ ਹੋਣ ਦਿਉ।

ਇਸੇ ਆਸ ਨਾਲ

**ਗੁਰਭਜਨ ਗਿੱਲ**









## ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਜਾਏ ਜਲੌਅ



ਅੰਮ੍ਰਿਤਸਰ: (ਵਿਸ਼ਵ ਪੰਜਾਬੀ ਸਾਂਝ,ਕੈਨੇਡਾ)-ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਸੁੰਦਰ ਜਲੌਅ ਸਜਾਏ ਗਏ ਦੇਸ਼-ਵਿਦੇਸ਼ ਤੋਂ ਪਰਿਵਾਰਾਂ ਸਮੇਤ ਪਹੁੰਚੀ ਸੰਗਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਦਿਦਾਰੇ ਕਰ ਰਹੀਆਂ ਹਨ।

## ਕੌਣ ਹੈ ਵਿਜਯ ਕਿਸ਼ੋਰ ਰਹਾਟਕਰ ? ਜਿਨ੍ਹਾਂ ਨੂੰ ਬਣਾਇਆ ਗਿਆ ਰਾਸ਼ਟਰੀ ਮਹਿਲਾ ਕਮਿਸ਼ਨ ਦੀ ਨਵੀਂ ਚੇਅਰਪਰਸਨ

ਨਵੀਂ ਦਿੱਲੀ (ਵਿਸ਼ਵ ਪੰਜਾਬੀ ਸਾਂਝ,ਕੈਨੇਡਾ)-: ਕੇਂਦਰ ਨੇ ਵਿਜਯ ਕਿਸ਼ਔਰ ਰਹਾਟਕਰ ਨੂੰ ਰਾਸ਼ਟਰੀ ਮਹਿਲਾ ਕਮਿਸ਼ਨ (ਐੱਨਸੀਡਬਲਯੂ) ਦੇ ਮੁਖੀ ਦੇ ਰੂਪ 'ਚ ਨਾਮਜ਼ਦ ਕੀਤਾ ਹੈ। ਸ਼ਨਿਚਰਵਾਰ ਨੂੰ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਰਾਸ਼ਟਰੀ ਮਹਿਲਾ ਕਮਿਸ਼ਨ ਐਕਟ 1990 ਦੀ ਧਾਰਾ 3 ਤਹਿਤ ਕੀਤੀ ਗਈ ਨਿਯੁਕਤੀ ਤਿੰਨ ਸਾਲ ਦੀ ਸਮਾਂ-ਹੱਦ ਲਈ ਹੋਵੇਗੀ। ਰਹਾਟਕਰ ਦਾ ਕਾਰਜਕਾਲ ਤੁਰੰਤ ਸ਼ੁਰੂ ਹੋਵੇਗਾ। ਉਨ੍ਹਾਂ ਦੀ ਨਿਯੁਕਤੀ ਤੋਂ ਇਲਾਵਾ ਸਰਕਾਰ ਨੇ ਐੱਨਸੀਡਬਲਯੂ 'ਚ ਨਵੇਂ ਮੈਂਬਰਾਂ ਨੂੰ ਵੀ ਨਾਮਜ਼ਦ ਕੀਤਾ ਹੈ। ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਦੀ ਨੋਟੀਫਿਕੇਸ਼ਨ ਅਨੁਸਾਰ, ਡਾ.



ਅਰਚਨਾ ਮਜੂਮਦਾਰ ਨੂੰ ਤਿੰਨ ਸਾਲ ਦੇ ਕਾਰਜਕਾਲ ਲਈ ਐੱਨਸੀਡਬਲਯੂ ਦੇ ਮੈਂਬਰ ਦੇ ਰੂਪ 'ਚ ਨਿਯੁਕਤ ਕੀਤਾ ਗਿਆ ਹੈ ਰਹਾਟਕਰ ਵੱਖ-ਵੱਖ ਸਿਆਸੀ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਅ ਚੁੱਕੀ ਹੈ। ਮਹਾਰਾਸ਼ਟਰ ਰਾਜ ਮਹਿਲਾ ਕਮਿਸ਼ਨ (2016-2021) ਦੀ ਮੁਖੀ ਦੇ ਰੂਪ 'ਚ ਉ ?ਨ੍ਹਾਂ ਨੇ 'ਸਕਸ਼ਮਾ' (ਐਸਿਡ ਪੀੜਤਾਂ ਦੀ ਮਦਦ), 'ਪ੍ਰਜਵਲਾ' (ਸਹੈ ਸਹਾਇਤਾ ਸਮੂਹਾਂ ਨੂੰ ਕੇਂਦਰ ਸਰਕਾਰ ਦੇ ਪ੍ਰਾਜੈਕਟਾਂ ਨਾਲ ਜੋੜਨਾ) ਅਤੇ 'ਸੁਹਿਤਾ' (ਔਰਤਾਂ ਲਈ ਹੈਲਪਲਾਈਨ ਸੇਵਾ) ਵਰਗੀਆਂ ਪਹਿਲਕਦਮੀਆਂ ਨੂੰ ਪ੍ਰਮੁੱਖਤਾ ਨਾਲ ਅੱਗੇ ਵਧਾਇਆ। ਉਨ੍ਹਾਂ ਨੇ ਪਾਕਸੋ, ਤਿੰਨ ਤਲਾਕ ਰੋਧੀ ਸੈੱਲ ਅਤੇ ਮਨੁੱਖੀ ਤਸਕਰੀ ਰੋਧੀ ਵਰਗੇ ਮੁੱਦਿਆਂ 'ਤੇ ਧਿਆਨ ਕੇਂਦਿ ?ਤ ਕਰਦੇ ਹੋਏ ਕਾਨੂੰਨੀ ਸੁਧਾਰਾਂ 'ਤੇ ਵੀ ਕੰਮ ਕੀਤਾ।

ਉਨ੍ਹਾਂ ਨੇ ਡਿਜੀਟਲ ਸਾਖਰਤਾ ਪ੍ਰੋਗਰਾਮ ਸ਼ੁਰੀ ਕੀਤੇ ਅਤੇ ਔਰਤਾਂ ਦੇ ਮੁੱਦਿਆਂ ਨੂੰ ਸਮਰਿਪਤ 'ਸਾਦ' ਨਾਮਕ ਇਕ ਪ੍ਰਕਾਸ਼ਨ ਸ਼ੁਰੂ ਕੀਤਾ। 2007 ਤੋਂ 2010 ਤੱਕ ਛਤਰਪਤੀ ਸੰਭਾਜੀਨਗਰ ਦੀ ਮੇਅਰ ਦੇ ਰੂਪ ਵਿਚ ਰਹਾਟਕਰ ਨੇ ਸਿਹਤ ਸੇਵਾ ਅਤੇ ਬੁਨਿਆਗਦੀ ਸੇਵਾਵਾਂ ਨਾਲ ਸਬੰਧਤ ਮਹੱਤਵਪੂਰਨ ਵਿਕਾਸ ਪ੍ਰਾਜੈਕਟਾਂ ਨੂੰ ਲਾਗੂ ਕੀਤਾ। ਉਨ੍ਹਾਂ ਪੂਣੇ ਯੂਨੀਵਰਿਸਟੀ ਤੋਂ ਭੌਤਿਕੀ 'ਚ ਗਰੈਜੂਏਸ਼ਨ ਦੀ ਡਿਗਰੀ ਅਤੇ ਇਤਿਹਾਸ 'ਚ ਮਾਸਟਰ ਡਿਗਰੀ ਪ੍ਰਾਪਤ ਕੀਤੀ ਹੈ। ਉਨ੍ਹਾਂ ਨੇ ਕਈ ਕਿਤਾਬਾਂ ਲਿਖੀਆਂ ਹਨ।




## ਬੰਬ ਦੀ ਧਮਕੀ ਤੋਂ ਬਾਅਦ 30 ਫਲਾਈਟਾਂ ਦੀ ਐਮਰਜੰਸੀ ਲੈਂਡਿੰਗ , 6 ਦਿਨ ਵਿੱਚ ਹੁਣ ਤੱਕ 50 ਤੋਂ ਜਿਆਦਾ ਫਲਾਈਟਾਂ ਨੂੰ ਬੰਬ ਦੀਆਂ ਧਮਕੀਆਂ, 80 ਕਰੋੜ ਦਾ ਨੁਕਸਾਨ



ਦਿੱਲੀ (ਵਿਸ਼ਵ ਪੰਜਾਬੀ ਸਾਂਝ,ਕੈਨੇਡਾ)- ਇੰਡੀਅਨ ਏਅਰਲਾਈਨਸ ਦੀਆਂ 30 ਤੋਂ ਜਿਆਦਾ ਫਲਾਈਟਾਂ ਵਿੱਚ ਸ਼ਨੀਵਾਰ ਨੂੰ ਬੰਬ ਹੋਣ ਦੀ ਧਮਕੀ ਮਿਲੀ। ਇਹਨਾਂ ਵਿੱਚ ਇੰਡੀਗੋ, ਏਅਰ ਇੰਡੀਆ, ਅਕਾਸਾ, ਵਿਸਤਾਰਾ, ਸਪਾਈਸਜੇਟ, ਸਟਾਰ ਏਅਰ ਅਤੇ ਅਲਾਇੰਸ ਏਅਰ ਸ਼ਾਮਿਲ ਹੈ। ਪਿਛਲੇ ਇੱਕ ਹਫਤੇ ਵਿੱਚ 50 ਤੋਂ ਜਿਆਦਾ ਫਲਾਈਟਸ ਨੂੰ ਬੰਬ ਦੀ ਧਮਕੀ ਮਿਲ ਚੁੱਕੀ ਹੈ। ਜੋਕਿ ਸਭ ਝੂਠੀਆਂ ਸਾਬਤ ਹੋਈਆਂ ਹਨ। ਇਹਨਾਂ ਧਮਕੀਆਂ ਦੇ ਚਲਦਿਆਂ ਏਅਰਲਾਇਨਜ ਨੂੰ ਹੁਣ ਚਾਚਾ ਤੱਕ 80 ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਿਆ। ਉਧਰ, ਲਗਾਤਾਰ ਮਿਲ ਰਹੀਆਂ ਧਮਕੀਆਂ ਦੌਰਾਨ ਕੇਂਦਰ ਸਰਕਾਰ ਨੇ 16 ਅਕਤੂਬਰ ਨੂੰ ਫਲਾਈਟਸ ਵਿੱਚ ਏਅਰ ਮਾਰਸ਼ਲਾਂ ਦੀ ਸੰਖਿਆ ਨੂੰ ਦੋਗੁਣਾ ਕਰਨ ਦਾ ਫੈਸਲਾ ਕੀਤਾ ਸੀ।




## ਆਨਲਾਈਨ ਟਰੇਡਿੰਗ ਦੇ ਨਾਂ 'ਤੇ ਇਕ ਕਰੋੜ 20 ਲੱਖ ਰੁਪਏ ਦੀ ਠੱਗੀ , ਸੋਸ਼ਲ ਮੀਡੀਆ 'ਤੇ ਚੱਲ ਰਹੀ ਵੀਡੀਓ ਵੇਖ ਕੀਤਾ ਸੀ ਸੰਪਰਕ, ਮਾਮਲਾ ਦਰਜ

ਬਠਿੰਡਾ- (ਵਿਸ਼ਵ ਪੰਜਾਬੀ ਸਾਂਝ,ਕੈਨੇਡਾ) ਆਨਲਾਈਨ ਟਰੇਡਿੰਗ ਦੇ ਨਾਂ 'ਤੇ ਕੁਝ ਨੌਸਰਬਾਜਾਂ ਵੱਲੋਂ ਬਠਿੰਡਾ ਦੇ ਇਕ ਵਿਅਕਤੀ ਨਾਲ ਇਕ ਕਰੋੜ 20 ਲੱਖ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਸਾਈਬਰ ਸੈੱਲ ਦੀ ਪੁਲਿਸ ਨੇ ਠੱਗੀ ਮਾਰਨ ਵਾਲੇ ਅਣਪਛਾਤੇ ਵਿਅਕਤੀਆਂ ਖ਼ਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਐੱਸਐੱਸਪੀ ਬਠਿੰਡਾ ਨੂੰ ਦਿੱਤੀ ਦਰਖ਼ਾਸਤ ਵਿਚ ਹਰਵਿੰਦਰ ਸਿੰਘ ਬਰਾੜ ਪੁੱਤਰ ਸਵ. ਗੁਰਦਾਸ ਸਿੰਘ ਬਰਾੜ ਵਾਸੀ ਗੁਰੂ ਕੀ ਨਗਰੀ ਬਠਿੰਡਾ ਨੇ ਦੱਸਿਆ ਕਿ 28 ਫਰਵਰੀ 2024 ਨੂੰ ਉਸ ਦੇ ਫੇਸਬੁਕ ਅਕਾਊਂਟ ਉੱਪਰ ਇਕ ਵੀਡੀਓ ਆਈ ਹੋਈ ਸੀ ਜਿਸ ਵਿਚ ਇਹ ਲੋਨ ਮਸਕ ਮਾਲਕ ਐਕਸ ਕੰਪਨੀ ਐਂਡ ਇਨਫੋਰਸਿਸ ਦੇ ਚੇਅਰਮੈਨ ਮੂਰਤੀ ਵੱਲੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਟਰੇਡਿੰਗ ਕਰਨ ਦੇ ਪ੍ਰਾਜੈਕਟ ਬਾਰੇ ਕਿਹਾ ਜਾ ਰਿਹਾ ਸੀ।

ਪੀੜਤ ਨੇ ਦੱਸਿਆ ਕਿ ਉਕਤ ਵੀਡੀਓ ਦੇ ਥੱਲੇ ਇਕ ਟਾਈਮਰ ਲੱਗਾ ਹੋਇਆ ਸੀ, ਜਿਸ ਵਿਚ ਲਿਖਿਆ ਸੀ ਕਿ ਤੁਸੀਂ ਵੀ ਏਆਈ ਰਾਹੀਂ ਟਰੇਡਿੰਗ ਦਾ ਹਿੱਸਾ ਬਣ ਸਕਦੇ ਹੋ, ਕਿਉਂਕਿ ਇਸ ਦੀਆਂ ਸੀਟਾਂ ਲਿਮਟਿਡ ਰਹਿ ਗਈਆਂ ਹਨ।ਪੀੜਤ ਨੇ ਦੱਸਿਆ ਕਿ ਉਕਤ ਜਗਹਾ ਕਲਿੱਕ ਕਰਨ ਤੋਂ ਦੋ ਘੰਟੇ ਬਾਅਦ ਕਿਸੇ ਵਿਅਕਤੀ ਨੇ ਉਸਨੂੰ ਫੋਨ ਕੀਤਾ, ਜਿਸ ਵਿਚ ਪ੍ਰਾਜੈਕਟ




ਬਾਰੇ ਵਿਚਾਰ ਚਰਚਾ ਕੀਤੀ। ਉਸ ਨੇ ਕਿਹਾ ਕਿ ਜੇਕਰ ਤੁਸੀਂ 200 ਡਾਲਰ ਕੰਪਨੀ ਵਿਚ ਨਿਵੇਸ਼ ਕਰੋਗੇ ਤਾਂ ਤੁਹਾਨੂੰ 100 ਡਾਲਰ ਹੋਰ ਕੰਪਨੀ ਦੇਵੇਗੀ। ਜਦੋਂ ਪੀੜਤ ਨੇ ਕਿਹਾ ਕਿ ਉਸ ਨੂੰ ਟਰੇਡਿੰਗ ਬਾਰੇ ਕੋਈ ਜਾਣਕਾਰੀ ਨਹੀਂ ਹੈ ਤਾਂ ਉਕਤ ਵਿਅਕਤੀ ਨੇ ਕਿਹਾ ਕਿ ਉਸ ਨੂੰ ਟਰੇਡਿੰਗ ਲਈ ਇਕ ਪਰਸਨਲ ਮੈਨੇਜਰ ਕੰਪਨੀ ਵੱਲੋਂ ਮੁਹੱਈਆ ਕਰਵਾਇਆ ਜਾਵੇਗਾ। ਉਸਨੇ ਦੱਸਿਆ ਕਿ ਉਕਤ ਵਿਅਕਤੀ ਦੇ ਕਹਿਣ ਤੇ ਐੱਚਡੀਐੱਫਸੀ ਬੈਂਕ ਦੇ ਦਿੱਤੇ ਖਾਤੇ ਵਿਚ 200 ਡਾਲਰ ਲਗਪਗ 17500 ਤਬਦੀਲ ਕਰ ਦਿੱਤੇ ਗਏ, ਜਦੋਂ ਉਸਨੇ ਅਕਾਊਂਟ ਚੈੱਕ ਕੀਤਾ ਤਾਂ ਉਕਤ ਖਾਤੇ ਵਿਚ 100 ਡਾਲਰ ਕੰਪਨੀ ਵੱਲੋਂ ਵੀ ਪਾਇਆ ਗਿਆ ਸੀ।

**ਪੀੜਤ ਨੇ ਦੱਸਿਆ ਕਿ ਜਿਸ ਖਾਤੇ ਵਿਚ ਰਕਮ ਪਵਾਈ ਗਈ, ਉਹ ਭਾਰਤ ਦੀ ਬੈਂਕ ਦਾ ਖਾਤਾ ਸੀ।**

ਪੀੜਤ ਨੇ ਦੱਸਿਆ ਕਿ ਇਸ ਤੋਂ ਦੋ ਦਿਨਾਂ ਬਾਅਦ ਇਕ ਰਿਹਾਨ ਨਾਮ ਦੇ ਵਿਅਕਤੀ ਦਾ ਫੋਨ ਆਇਆ ਜਿਸ ਵਿਚ ਉਸਨੇ ਕਿਹਾ ਕਿ ਉਸ ਦਾ ਖਾਤਾ ਮੌਰੀਸੀਐਸ ਵਿਚ ਵੀ ਖੁੱਲ੍ਹ ਗਿਆ ਹੈ। ਫੋਨ ਕਰਨ ਵਾਲੇ ਵਿਅਕਤੀ ਨੇ ਆਪਣੇ ਆਪ ਨੂੰ ਉਸ ਦਾ ਮੈਨੇਜਰ ਕਰਾਰ ਦਿੱਤਾ। ਉਸ ਨੇ ਜਦੋਂ ਟ ?ਰੇਡਿੰਗ ਲਈ ਕੰਪਨੀ ਵਿਚ ਪੈਸਾ ਨਿਵੇਸ਼ ਕਰਨਾ ਸ਼ੁਰੂ ਕੀਤਾ ਤਾਂ ਉਕਤ ਵਿਅਕਤੀਆਂ ਨੇ ਲਗਾਤਾਰ ਉਸ ਉੱਪਰ ਕੰਪਨੀ ਵਿਚ ਨਿਵੇਸ਼ ਕਰਨ ਲਈ ਦਬਾਅ ਪਾਇਆ। ਪੀੜਤ ਨੇ ਦੱਸਿਆ ਕਿ ਇਕ ਜਾਂ ਦੋ ਹਫਤਿਆਂ ਬਾਅਦ ਕਥਿਤ ਦੋਸ਼ੀ ਉਸਦੇ ਬੈਂਕ ਖਾਤੇ ਨੂੰ ਜ਼ੀਰੋ ਕਰ ਦਿੰਦੇ ਸਨ ਕਿ ਮਾਰਕੀਟ ਵੋਲਟਾਈਲ ਹੋ ਗਈ ਹੈ। ਉਹ ਕਹਿੰਦੇ ਸਨ ਕਿ ਟਰੈਡਸ ਸਟਾਕ ਆਊਟ ਹੋ ਗਈਆਂ ਹਨ ਜੇਕਰ ਹੋਰ ਪੈਸੇ ਪਾਏ ਜਾਣਗੇ ਤਾਂ ਪਹਿਲਾਂ ਵਾਲੇ ਪੈਸੇ ਸੇਵ ਰਹਿ ਸਕਦੇ ਹਨ। ਪੀੜਤ ਨੇ ਦੱਸਿਆ ਕਿ ਉਨ੍ਹਾਂ ਕਿਹਾ ਕਿ ਜੇਕਰ ਖਾਤੇ ਵਿਚ ਪੈਸੇ ਪੈਣਗੇ ਤਾਂ ਹੀ ਸਟਾਫ ਆਊਟ ਹੋਈਆਂ ਟਰੇਡਿੰਗਾਂ ਨੂੰ ਦੁਬਾਰਾ ਚਲਾਇਆ ਜਾ ਸਕਦਾ ਹੈ। ਉਸਨੇ ਦੱਸਿਆ ਕਿ ਕੰਪਨੀ ਵੱਲੋਂ ਪਹਿਲਾਂ ਜਮਾਂ ਕੀਤੇ ਪੈਸਿਆਂ ਦੇ ਡੁੱਬਣ ਦਾ ਡਰ ਪਾ ਕੇ ਉਸਨੂੰ ਬਲੈਕਮੇਲ ਕੀਤਾ ਗਿਆ ਅਤੇ ਲਗਾਤਾਰ ਉਸ ਕੋਲੋਂ ਪੈਸੇ ਜਮਾਂ ਕਰਵਾਏ ਜਾਂਦੇ ਰਹੇ। ਪੀੜਤ ਨੇ ਕਈ ਵਾਰ ਕੰਪਨੀ ਉੱਪਰ ਪੈਸੇ ਵਾਪਸ ਕਰਨ ਲਈ ਦਬਾਅ ਪਾਇਆ ਤਾਂ ਉਨ੍ਹਾਂ ਨੇ 500 ਡਾਲਰ ਅਕਾਊਂਟ ਵਿੱਚੋਂ ਕਢਵਾਉਣ ਲਈ ਪਾ ਦਿੱਤੇ। ਪੀੜਤ ਹਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਉਕਤ ਕੰਪਨੀ ਨੇ ਉਸ ਨੂੰ ਲਾਲਚ ਦੇ ਕੇ ਇਕ ਕਰੋੜ 20 ਲੱਖ ਰੁਪਏ ਦੀ ਠੱਗੀ ਮਾਰ ਲਈ ਗਈ। ਸਾਈਬਰ ਥਾਣੇ ਦੀ ਇੰਚਾਰਜ ਇੰਸਪੈਕਟਰ ਸੁਖਵੀਰ ਕੌਰ ਨੇ ਦੱਸਿਆ ਕਿ ਇਸ ਮਾਮਲੇ ਵਿਚ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ ਜਿਸ ਤੋਂ ਬਾਅਦ ਨਾ ਮਲੂਮ ਵਿਅਕਤੀਆਂ ਵੱਲੋਂ ਵਰਤੇ ਗਏ ਮੋਬਾਈਲਾਂ ਅਤੇ ਵੱਖ-ਵੱਖ ਖਾਤਿਆਂ ਦਾ ਰਿਕਾਰਡ ਹਾਸਲ ਕਰ ਕੇ ਉਨ੍ਹਾਂ ਨੂੰ ਨਾਮਜਦ ਕੀਤਾ ਜਾਵੇਗਾ।

### ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# BRAMPTON CASH AND CARRY

| | |
|---|---|
| WHOLESALER | IMPORTER |
| DISTRIBUTOR | RETAILER |

**Wholesaler, Importer, Distributor & Retailer of Restaurants Supply**








BRAMPTON CASH & CARRY

Brampton CashandCarry2023@gmail.com

905-230-4800

100 Kennedy Road S., Brampton, ON L6W 3E7

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ
ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਨਟਾਰੀਓ



Dalbir Singh Kathuria, CEO
BRAMPTON CASH & CARRY
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

GRAND OPENING

BRAMPTON CASH AND CARRY

18 | 19 | 20
OCTOBER, 2024

OPEN EVERYDAY FROM
9:00 AM TO 9:00 PM

CONTACT
+1 (204) 560-7111
ADDRESS:-
1315 INKSTER BLVD, WINNIPEG MB

BRAMPTON CASH & CARRY
IMPORTER | WHOLESALER | RETAILER

Weight
20 Pond




Price
$12.99

AASHIRVAAD
AASHIRVAAD ATTA

BRAMPTON CASH & CARRY

I am Sorry !!!!!

BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800


AAPKI PASAND AAPKA SWAAD
DURUM CHAKKI
ATTA
आटा
Aapki
PASAND
AAPKA SWAAD
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA


MS INSURANCE
Secure your trust & life
RAJAT GUPTA
INSURANCE ADVISOR
416-427-8585
www.ms-insurance.ca
rajatgupta2299@gmail.com
Unit 27-90 Eastern Ave, Brampton, ON, L6W 1X9


INSURANCE BENEFITS
visa
➤ SUPER VISA
➤ VISITOR VISA
➤ RESP, TFSA
➤ MORTGAGE INSURANCE
TEHAL SINGH BRAR
LIVING BENEFITS ADVISOR
+(905)-782-2013
www.royalshieldgroup.com
tehalbrarcanada@gmail.com


AAPKI PASAND ATTA
$9.99 Weight 20LB
LAYALPUR ATTA BISCUIT
$11.99
BEST FOOD RUSK
2 FOR $5
SHER ATTA
$13.49 Weight 20LB
DAHI MODHANI
$2.49 Weight 750gm
DAHI MODHANI
$9.99 Weight 2kg
RAJDHANI MUSTARD OIL
$19.99 Weight 5L
RAJDHANI MUSTARD OIL
$8.49 Weight 2L
BROWN SUGAR
$9.99 Weight 11LB
WHITE ONION
$17.99 Weight 50LB
RED ONION
$18.99 Weight 25LB
RED ONION
$7.99 Weight 10LB
TOMATO
$0.99 Weight 1LB
GREEN PEPPERS
$0.99 Weight 1LB
INDIA GATE HARROZ RICE
$7.99 Weight 8LB
RED LABEL TEA
$9.99 Weight 900gm
CAPRI VEGETABLE OIL
$32.99 Weight 16L
PLASTIC GLASS (7 OZ)
$2.99 50pcs
6 COMPARTMENT THALI CAN GREEN
$7.99 40pcs
SPOON/FORK
$13.99 1000pcs
MAGGI MASALA NOODLES
3 for $1
QUALITY BASMATI RICE
$32 Weight 40LB
ULTRA PUEMIUM TOILET ROLL
$6.99 12 ROLLS
APKI PASAND GOLGAPA
$3.99
TABLEWARE CUTLERY KIT
$7.99
WALNUTS HALVES
$3.99 Weight 1LB
AAPKI PASAND COOKIES
$3.99 Weight 2.2LB
COULI FLOWER
$1.99
BRAR BESAN
$3.99 Weight 4LB
KHUSHBOO RICE
$9.99 Weight 10LB
ORGANIC PEARL RICE
$9.98 Weight 10LB
MODHANI PANEER
$4.99 Weight 354gm
OPEN EVERYDAY FROM 9:00 AM TO 9:00 PM
BRAMPTON CASH & CARRY
IMPORTER | WHOLESALER | RETAILER
CONTACT:-
+1 (204) 560-7111
ADDRESS:- 1315 INKSTER BLVD, WINNIPEG MB